# Halton Regional Police Service

# Partnering Against Hate

ਹਾਲਟਨ ਰੀਜ਼ਨਲ ਪੁਲੀਸ ਸਰਵਿਸ ਆਪਣੇ ਸਮਾਜ ਵਿੱਚੋਂ ਘ੍ਰਿਣਾ ਅਧੀਨ ਪ੍ਰੇਰਨਾ ਉਤੇਜਤ ਜੁਰਮ ਅਤੇ ਨਫਰਤ ਪ੍ਰਚਾਰ ਨੂੰ ਖਤਮ ਕਰਨ ਲਈ ਦ੍ਰਿੜ ਹੈ।

ਅਸੀਂ ਪਛਾਣਦੇ ਹਾਂ ਕਿ ਹਾਲਟਨ ਰੀਜ਼ਨ ਉਨ੍ਹਾਂ ਲੋਕਾਂ ਦਾ ਸਮੂਹ ਹੈ ਜਿਹੜੇ ਸਾਡੇ ਸਮਾਜ ਵਿੱਚ ਵੱਖਰਾਪਨ ਅਤੇ ਵਿਲੱਖਣਤਾ ਲੈ ਕੇ ਆਏ ਹਨ।ਸਾਡਾ ਵਿਸ਼ਵਾਸ਼ ਹੈ ਕਿ ਕਨੇਡੀਅਨ ਤਜੱਰਬਿਆਂ ਵਿੱਚ ਸਾਰਿਆਂ ਨੇ ਹਿੱਸਾ ਪਾਇਆ ਹੈ ਜਿੰਨਾ ਨਾਲ ਮਿਲ ਕੇ ਕਨੇਡਾ ਅਤੇ ਹਾਲਟਨ ਰੀਜ਼ਨ ਬਣਿਆ ਹੈ ਇਸ ਨੇ ਹੀ ਸਾਰੀ ਸ਼ਕਤੀ ਅਤੇ ਵਿਲੱਖਣਤਾ ਦਿੱਤੀ ਹੈ।ਹਾਲਟਨ ਰੀਜ਼ਨਲ ਪੁਲੀਸ ਸਰਵਿਸ ਸਹਿਣਸ਼ੀਲਤਾ ਤੋਂ ਵੀ ਅੱਗੇ ਵੱਧ ਕੇ ਪੂਰੀ ਸਵੀਕਾਰਤਾ ਵਲ ਜਾਣ ਵਿੱਚ ਲੀਡਰ ਹੈ।

## "ਘ੍ਰਿਣਾ ਕਾਰਣ" ਕੀਤਾ ਜੁਰਮ ਕੀ ਹੈ?

ਘ੍ਰਿਣਾ ਅਧੀਨ ਕੀਤਾ ਜੁਰਮ, ਇੱਕ ਕਨੂੰਨੀ ਅਪਰਾਧ ਹੈ ਜੋ ਇੱਕ ਇਨਸਾਨ ਜਾਂ ਜਾਇਦਾਦ ਦੇ ਵਿਰੁੱਧ ਜਿਹੜਾ ਕਿ ਘ੍ਰਿਣਾ, ਪੱਖ-ਪਾਤ ਜਾਂ ਕਿਸੇ ਦੀ ਜਾਤ, ਦੇਸ਼ ਜਾਂ ਪਿਛੋਕੜ, ਭਾਸ਼ਾ, ਰੰਗ, ਧਰਮ, ਲਿੰਗ, ਉਮਰ, ਅਪਾਹਜ (ਸਰੀਰਕ ਜਾਂ ਮਾਨਸਿਕ ਤੌਰ ਤੇ) ਹੋਣ ਦੀ ਹੈਸੀਅਤ ਵਿੱਚ ਜਾਂ ਹੋਰ ਇਸ ਤਰਾਂ ਦੇ ਕਾਰਣਾ ਕਰਕੇ ਉਸ ਵਿਰੁੱਧ ਕੱਚੀ ਰਾਇ ਬਣਾ ਕੇ ਉਸ ਦੇ ਅਧੀਨ ਅਪਰਾਧ ਕਰਨਾ ਹੈ। ਫੌਜਦਾਰੀ ਜੁਰਮ ਉਹ ਜੁਰਮ ਹੈ ਜਿਹੜਾ ਕਰਿਮੀਨਲ ਕੌਡ ਆਫ ਕਨੇਡਾ ਦੇ ਉਲਟ ਹੈ। ਉਦਾਹਰਣ ਦੇ ਤੌਰ ਤੇ ਫੌਜਦਾਰੀ ਜੁਰਮ ਵਿੱਚ ਬਲਾਤਕਾਰ, ਧੋਖਾ (ਜਾਇਦਾਦ ਦਾ ਨੁਕਸਾਨ) ਅਤੇ ਧਮਕੀ ਦੇਣਾ ਹੈ।

## ਘ੍ਰਿਣਾਤਮਕ ਜੁਰਮ ਦੀਆਂ ਕੁੱਝ ਉਦਾਹਰਣਾ

- ਘ੍ਰਿਣਾ ਕਾਰਨ ਕੁਟਣਾ ਮਾਰਨਾ ਜਾਂ ਗਾਲ੍ਹ ਕੱਢਣੀਆਂ
- ਘ੍ਰਿਣਾਤਮਕ ਈਮੇਲ, ਇਸ਼ਤਿਹਾਰ, ਖੱਤ, ਜਾਂ ਵੈਬਸਾਈਟਸ ਦੇਖਣੀਆਂ ਜਾਂ ਈਮੇਲਾਂ ਮੰਗਵਾਉਣੀਆਂ।
- ਤੁਹਾਡੀ ਪਛਾਣ ਕਾਰਣ ਤੁਹਨੂੰ ਡਰਾਇਆ ਧਮਕਾਇਆ ਜਾਵੇ
- ਘ੍ਰਿਣਾ ਕਾਰਨ ਕੰਧਾਂ ਤੇ ਲੀਕਾਂ ਮਾਰਨੀਆਂ ਜਾਂ ਤੋੜ ਭੰਨ ਕਰਨੀ, ਉਦਾਹਰਣ ਦੇ ਤੌਰ ਤੇ ਪੂਜਾ ਸਥਾਨਾ ਤੇ ਸਪਰੇ ਪੇਂਟ ਕਰਨੀ ਜਾਂ ਗੰਦੀਆਂ ਗੱਲਾਂ ਲਿਖ ਦੇਣੀਆਂ

## ਕਨੂੰਨ ਅਤੇ ਘ੍ਰਿਣਾਤਮਕ ਪ੍ਰਚਾਰ

ਕਨੇਡਾ ਵਿੱਚ ਉਹ ਖਾਸ ਕਨੂੰਨ ਹਨ, ਜਿਹੜੇ ਘ੍ਰਿਣਾਤਮਕ ਪ੍ਰਚਾਰ ਦੇ ਸਬੰਧ ਵਿੱਚ ਕੰਮ ਕਰਦੇ ਹਨ।ਇਹ ਕਨੂੰਨ ਉਸ ਬੰਦੇ ਲਈ ਹਨ ਜਿਹੜਾ ਆਮ ਲੋਕਾਂ ਨੂੰ ਨਫਰਤ ਲਈ ਭੜਕਾਉਂਦਾ, ਕਤਲੇਆਮ ਨੂੰ ਬੜਾਵਾ ਦਿੰਦਾ ਅਤੇ ਵਕਾਲਤ ਕਰਦਾ ਹੈ। ਜੇ ਤੁਸੀਂ ਘ੍ਰਿਣਤਮਕ ਪ੍ਰਚਾਰ, ਜਿਵੇਂ ਇਸ਼ਤਿਹਾਰ, ਜਾਂ ਕੰਧਾਂ ਤੇ ਕੁੱਝ ਵੀ ਘ੍ਰਿਣਾਤਮਕ ਲਿਖਿਆਂ ਦੇਖੋਂ ਤਾਂ ਪੁਲੀਸ ਨੂੰ ਰਿਪੋਰਟ ਕਰੋ।

## ਤੁਸੀ ਕੀ ਕਰ ਸਕਦੇ ਹੋ?

ਜਦੋ ਘ੍ਰਿਣਾ ਅਧੀਨ ਕੋਈ ਵੀ ਘਟਣਾ ਵਾਪਰਦੀ ਹੈ, ਇਹ ਸਭ ਤੋਂ ਵਧੀਆਂ ਗੱਲ ਹੈ ਕਿ ਜਿੰਨੀ ਵੀ ਛੇਤੀ ਹੋ ਸਕੇ ਘਟਣਾ ਨੂੰ ਦਸਤਾਵੇਜ ਕਰ ਦਿੱਤਾ ਜਾਵੇ।

ਤੱਤਾਂ ਵਾਰੇ ਪੱਕਾ ਪਤਾ ਰੱਖੋ। ਇਹ ਜਰੂਰੀ ਹੈ ਕਿ ਤੁਸੀ ਘਟਣਾ ਵਾਰੇ ਸਾਰਾ ਕੁੱਝ ਦੱਸੋਂ, ਕੌਣ, ਕੀ, ਕਦੋਂ, ਕਿੱਥੇ, ਕਿਉਂ, ਅਤੇ ਕਿਵੇ ਘਟਣਾ ਵਾਪਰੀ।ਸਹਾਇਕ ਦਸਤਾਵੇਜ ਨਾਲ ਕੇਸ ਹੋਰ ਤਕੜਾ ਹੋਵੇਗਾ। ਇਸ ਵਿੱਚ ਲਿਖਤੀ ਬਿਆਨ, ਫੋਟੋਆਂ, ਵੀਡੀਓ ਟੇਪ, ਅਤੇ ਗਵਾਹੀਆਂ ਹੋ ਸਕਦੀਆਂ ਹਨ।

*Progress Through Participation*

## ਘ੍ਰਿਣਾ ਅਧੀਨ ਕੀਤੇ ਜੁਰਮ ਨੂੰ ਰਿਪੋਰਟ ਕਿਉਂ?

ਜੇਕਰ ਤੁਸੀ ਘ੍ਰਿਣਾ ਅਧੀਨ ਕੀਤੇ ਜੁਰਮ ਦੇ ਸ਼ਿਕਾਰ ਹੋ ਤਾਂ ਇਹ ਜਰੂਰੀ ਹੈ ਕਿ ਤੁਸੀਂ ਇਸ ਘਟਨਾ ਵਾਰੇ ਪੁਲੀਸ ਨੂੰ ਰਿਪੋਰਟ ਕਰੋ। ਰਿਪੋਰਟ ਕਰਨਾ ਹਿੰਸਾ ਦੇ ਚੱਕਰ ਨੂੰ ਤੋੜਨ ਵਿੱਚ ਸਹਾਈ ਹੁੰਦਾ ਹੈ ਅਤੇ ਇਸ ਵਿੱਚ ਸਮਰੱਥਾ ਹੈ ਕਿ ਦੂਸਰਿਆਂ ਨੂੰ ਜ਼ੁਲਮ ਦਾ ਸ਼ਿਕਾਰ ਹੋਣ ਤੋਂ ਬਚਾ ਸਕਦਾ ਹੈ। ਇਹ ਨਿੱਜੀ ਅਤੇ ਦੁੱਖਦਈ ਘਟਨਾ ਹੋਣ ਕਰਕੇ ਬਹੁਤੀ ਵਾਰੀ ਪੁਲੀਸ ਨੂੰ ਰਿਪੋਰਟ ਨਹੀ ਕੀਤੀ ਜਾਂਦੀ। ਇਹ ਜਰੂਰੀ ਹੈ ਕਿ ਘ੍ਰਿਣਾ ਵਿਰੁੱਧ ਕੀਤੇ ਗਏ ਜੁਰਮ ਵਾਰੇ ਪੁਲੀਸ ਨੂੰ ਰਿਪੋਰਟ ਕੀਤੀ ਜਾਵੇ ਤਾਂ ਕਿ ਜੁਰਮ ਨੂੰ ਚੰਗੇ ਤਰੀਕੇ ਨਾਲ ਦਸਤਾਵੇਜ਼ ਕੀਤਾ ਜਾਵੇ ਅਤੇ ਛਾਣ ਬੀਣ ਕੀਤੀ ਜਾ ਸਕੇ। ਸਾਡੇ ਸਮਾਜ ਵਿੱਚ ਹੋ ਰਹੇ ਜੁਰਮ ਦੀ ਕਿਸਮ ਨੂੰ ਤੁਹਾਡੀ ਅਤੇ ਤੁਹਾਡੇ ਪ੍ਰਿਵਾਰ ਦੀ ਹਿਫਾਜ਼ਤ ਲਈ ਸਮਝਣਾ ਬਹੁਤ ਜਰੂਰੀ ਹੈ। ਇਸ ਤਰਾਂ ਦੇ ਜੁਰਮ ਦੀ **ਰਿਪੋਰਟ** ਪੁਲੀਸ ਅਤੇ ਸਮਾਜਿਕ ਜਥੇਬੰਦੀਆਂ ਜਿਵੇਂ ਹਾਲਟਨ ਮਲਟੀਕਲਚਰਲ ਕੌਂਸਲ ਨੂੰ ਜੁਰਮ ਦਾ ਮੁਕਾਬਲਾ ਕਰਨ ਲਈ ਸਰਗਰਮ ਅਤੇ ਬਚਾਓ ਦੇ ਮਾਪਦੰਡ ਲੈਣ ਦੇ ਯੋਗ ਬਣਾਉਂਦੀ ਹੈ।

## ਜਦੋਂ ਮੈਂ ਪੁਲੀਸ ਨੂੰ ਫੋਨ ਕਰਾਂ ਤਾਂ ਕੀ ਹੋਵੇਗਾ?

ਜਦੋਂ ਤੁਸੀਂ ਪੁਲੀਸ ਨੂੰ ਫੋਨ ਕਰੋਂਗੇ ਤਾਂ ਤੁਹਾਨੂੰ ਦੱਸਣਾ ਪਵੇਗਾ

- ਤੁਹਾਡਾ ਨਾਮ
- ਅਡਰੈਸ
- ਫੋਨ ਨੰਬਰ
- ਸੰਖੇਪ ਵਿਆਖਿਆ ਉਸ ਜੁਰਮ ਦੀ ਜਿਸ ਵਾਰੇ ਤੁਸੀਂ ਪੁਲੀਸ ਨੂੰ ਰਿਪੋਰਟ ਕਰ ਰਹੇ ਹੋ।

ਹੋਰ ਜਾਣਕਾਰੀ ਲੈਣ ਵਾਸਤੇ ਪੁਲੀਸ ਅਫਸਰ ਨੂੰ ਮੌਕੇ ਤੇ ਭੇਜਿਆ ਜਾਵੇਗਾ।

**ਜੇ ਤੁਸੀਂ ਅੰਗਰੇਜ਼ੀ ਨਹੀ ਬੋਲਦੇ ਤਾਂ** ਪੁਲੀਸ ਅਫਸਰ ਨੂੰ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ, ਪੁਲੀਸ ਤੁਹਾਡੀ ਸਹਾਇਤਾ ਲਈ ਅਨੁਵਾਦਕ ਸਰਵਿਸ ਦਾ ਪ੍ਰਬੰਧ ਕਰੇਗੀ। ਅਡੋਲ ਰਹੋ, ਯਾਦ ਰੱਖੋ ਪੁਲੀਸ ਇਥੇ ਤੁਹਾਡੀ ਮਦਦ ਲਈ ਹੈ।

## *ਧਮਕੀਆਂ, ਡਰ ਅਤੇ ਘ੍ਰਿਣਾ ਨੂੰ ਸਮਾਜ ਵਿੱਚ ਨਾ ਰਹਿਣ ਦਿਉ !*

## ਤੁਹਾਡੀ ਰਿਪੋਰਟ ਲਿਖ ਲੈਣ ਤੋਂ ਵਾਧ ਕੀ ਹੋਵੇਗਾ?

ਪੁਲੀਸ ਵਲੋ ਛਾਣਬੀਣ ਕੀਤੀ ਜਾਵੇਗੀ, ਹੋ ਸਕਦਾ ਹੈ, ਅਪਰਾਧੀ ਨੂੰ ਗ੍ਰਿਫਤਾਰ ਕੀਤਾ ਜਾਵੇ। ਛਾਣਬੀਣ ਦੀ ਕਾਰਜ ਵਿਧੀ ਵਿੱਚ ਹੋ ਸਕਦਾ ਹੈ ਕਿ ਸਬੂਤਾਂ ਦੀਆਂ ਫੋਟੋਆਂ ਲਈਆਂ ਜਾਣ ਅਤੇ ਸਰਕਾਰੀ ਤੌਰ ਤੇ ਪੁਲੀਸ ਨੂੰ ਬਿਆਨ ਦਿੱਤੇ ਜਾਣ।

ਜੇ ਅਪਰਾਧੀ ਜ਼ੁਲਮ ਦੇ ਦੋਸ਼ ਵਿੱਚ ਗ੍ਰਿਫਤਾਰ ਹੋ ਗਿਆ ਤਾਂ ਹੋ ਸਕਦਾ ਕਿ ਤੁਹਾਨੂੰ ਅਦਾਲਤ ਵਿੱਚ ਜਾਣ ਦੀ ਲੋੜ ਪਵੇ। ਪੁਲੀਸ ਅਤੇ ਸਰਕਾਰੀ ਵਕੀਲ ਦੇ ਦਫਤਰ ਵਲੋਂ ਤੁਹਾਨੂੰ ਇਤਲਾਹ ਦਿੱਤੀ ਜਾਵੇਗੀ ਅਤੇ ਅਦਾਲਤ ਦੀ ਕਨੂੰਨੀ ਕਾਰਵਾਈ ਵਾਰੇ ਤਿਆਰੀ ਕਰਵਾਈ ਜਾਵੇਗੀ।

***ਆਪਣੇ ਭਾਈਚਾਰੇ ਅਤੇ ਤੁਹਾਡੇ ਪ੍ਰੀਵਾਰ ਦੀ ਸੁਰੱਖਿਆ ਅਤੇ ਵਿਹਤਰੀ ਲਈ ਜੁਰਮ ਨੂੰ ਪੁਲੀਸ ਕੋਲ ਰਿਪੋਰਟ ਕਰਵਾਉਣਾ ਤੁਹਡੀ ਜੁੰਮੇਵਾਰੀ ਹੈ।***